**DISCLAIMER: This document has been translated for the convenience of the Homecoming at University Park residents, but if any discrepancies arise in the interpretation of the language between the two documents, the original English translation will take precedence.**

# ਯੂਨੀਵਰਸਿਟੀ ਪਾਰਕ ਹੋਮਆਨਰਜ਼ ਐਸੋਸੀਏਸ਼ਨ, ਇੰਕ. ਦੇ ਬੋਰਡ ਆਫ਼ ਡਾਇਰੈਕਟਰਜ਼ ਆਫ਼ ਹੋਮਕਮਿੰਗ ਵਲੋਂ ਨਿਰਵਿਰੋਧ ਲਿਖਤੀ ਸਹਿਮਤੀ ਮਤਾ

ਅਸੀਂ, ਨਿਮਨ ਹਸਤਾਖਰੀ, ਬਤੌਰ ਡਾਇਰੈਕਟਰ ਆਫ਼ ਹੋਮਕਮਿੰਗ, ਯੂਨੀਵਰਸਿਟੀ ਪਾਰਕ ਹੋਮਆਨਰਜ਼ ਐਸੋਸੀਏਸ਼ਨ, ਇੰਕ. (''ਨਿਗਮ'') ਵਿਖੇ ਇਹ ਅਧਿਕਾਰ ਦਿੰਦੇ ਹਾਂ ਅਤੇ ਹੇਠ ਅਨੁਸਾਰ ਸਮੂਹਿਕ ਫੈਸਲੇ ਲੈਂਦੇ ਹਾਂ-

ਕਿਉਂਕਿ, ਨਿਗਮ (ਕਾਰਪੋਰੇਸ਼ਨ) ਦੇ ਉਪ ਨਿਯਮ ਅਨੁਸਾਰ, ਹੁਣ ਇਹ ਕਹਿੰਦਾ ਹੈ ਕਿ ਮੈਂਬਰਾਂ ਦੀ ਸਾਲਾਨਾ ਮੀਟਿੰਗ ਮਾਰਚ ਦੇ ਤੀਸਰੇ ਵੀਰਵਾਰ ਨੂੰ ਹਰ ਸਾਲ ਹੋਇਆ ਕਰੇਗੀ ਅਤੇ

ਕਿਉਂਕਿ, ਡਾਇਰੈਕਟਰਜ਼ ਉਪ ਨਿਯਮ ਵਿਚ ਸੁਧਾਰ ਕਰਨਾ ਚਾਹੁੰਦੇ ਹਨ ਕਿ ਮੈਂਬਰਾਂ ਦੀ ਸਾਲਾਨਾ ਮੀਟਿੰਗ ਛੇ ਮਹੀਨੇ ਦੇ ਅੰਦਰ ਕਿਸੇ ਵੀ ਤਾਰੀਕ ਨੂੰ ਵਿੱਤ ਵਰ੍ਹੇ ਦੀ ਅੰਤ 'ਤੇ ਕੀਤੀ ਜਾਵੇ।

ਹੁਣ, ਇਸ ਲਈ, ਹੇਠ ਦਿੱਤਾ ਮਤਾ ਸਰਬ ਸਹਿਮਤੀ ਨਾਲ ਪ੍ਰਵਾਨ ਕੀਤਾ ਜਾਂਦਾ ਹੈ:

**ਨਿਗਮ (ਕਾਰਪੋਰੇਸ਼ਨ) ਦੇ ਦਿੱਤੇ ਹੋਏ ਆਰਟੀਕਲ II, ਸੈਕਸ਼ਨ 3 ਦੇ ਉਪ ਨਿਯਮ ਵਿਚ ਸੁਧਾਰ ਕੀਤਾ ਜਾਂਦਾ ਹੈ ਅਤੇ ਦੁਬਾਰਾ ਹੇਠ ਦਿੱਤੇ ਅਨੁਸਾਰ ਲਿਖਿਆ ਜਾਂਦਾ ਹੈ:**

**ਸੈਕਸ਼ਨ 3 – ਸਾਲਾਨਾ ਮੀਟਿੰਗ: ਮੈਂਬਰਾਂ ਦੀ ਸਾਲਾਨਾ ਮੀਟਿੰਗ ਬੋਰਡ ਆਫ਼ ਡਾਇਰੈਕਟਰਜ਼ ਵਲੋਂ ਨਿਸ਼ਚਿਤ ਕੀਤੀ ਗਈ ਤਾਰੀਕ ਦੇ ਆਧਾਰ 'ਤੇ ਦਿੱਤੇ ਗਏ ਨੋਟਿਸ ਅਨੁਸਾਰ ਛੇ ਮਹੀਨੇ ਦੇ ਅੰਦਰ ਵਿੱਤ ਦੇ ਖਤਮ ਹੋਣ ਤੋਂ ਪਹਿਲਾਂ ਜਾਂ 30 ਜੂਨ ਤੋਂ ਪਹਿਲਾਂ ਹਰ ਸਾਲ ਹੋਵੇਗੀ।ਸਾਲਾਨਾ ਮੀਟਿੰਗ ਮੌਕੇ ਬੋਰਡ ਆਫ਼ ਡਾਇਰੈਕਟਰਜ਼ ਦੇ ਚੁਣੇ ਹੋਏ ਨੁਮਾਇੰਦੇ ਉਪ ਨਿਯਮ ਵਿਚ ਦਿੱਤੇ ਨਿਯਮਾਂ ਅਨੁਸਾਰ ਮੀਟਿੰਗ ਅਤੇ ਬਿਜ਼ਨਸ ਸੰਬੰਧੀ ਮੀਟਿੰਗ ਤੋਂ ਪਹਿਲਾਂ ਸਾਰਾ ਪ੍ਰਬੰਧ ਕਰਨਗੇ।**

ਇਹ ਲਿਖਤੀ ਸਹਿਮਤੀ ਕਾਰਪੋਰੇਸ਼ਨ ਦੇ ਸਕੱਤਰ ਨੂੰ ਕਾਰਪੋਰੇਸ਼ਨ ਦੀ ਮਿਨਟ ਬੁੱਕ ਵਿਚ ਦਰਜ ਕਰਵਾ ਦਿੱਤੀ ਜਾਵੇ।

| **ਨਾਮ** | **ਹਸਤਾਖਰ** | **ਮਿਤੀ** |
|---|---|---|
| ਵਿਲ ਕਾਰੋਲ | | ----/----/2009 |
| ਮਾਟ ਬਾਲਿਆਂ | | ----/----/2009 |
| ਡੂਗ ਵਾਗਨਰ | | ----/----/2009 |
| ਬਾਰਬੀ ਨਿਊ | | ----/----/2009 |
| ਪਾਲ ਕਲੇਅਰ | ਹਸਤਾਖਰ | 2/10/2009 |

# ਯੂਨੀਵਰਸਿਟੀ ਪਾਰਕ ਹੋਮਆਨਰਜ਼ ਐਸੋਸੀਏਸ਼ਨ, ਇੰਕ.
# ਦੇ ਬੋਰਡ ਆਫ਼ ਡਾਇਰੈਕਟਰਜ਼ ਆਫ਼
# ਹੋਮਕਮਿੰਗ ਵਲੋਂ ਨਿਰਵਿਰੋਧ ਲਿਖਤੀ ਸਹਿਮਤੀ ਮਤਾ

ਅਸੀਂ, ਨਿਮਨ ਹਸਤਾਖਰੀ, ਬਤੌਰ ਡਾਇਰੈਕਟਰ ਆਫ਼ ਹੋਮਕਮਿੰਗ, ਯੂਨੀਵਰਸਿਟੀ ਪਾਰਕ ਹੋਮਆਨਰਜ਼ ਐਸੋਸੀਏਸ਼ਨ, ਇੰਕ. (''ਨਿਗਮ'') ਵਿਖੇ ਇਹ ਅਧਿਕਾਰ ਦਿੰਦੇ ਹਾਂ ਅਤੇ ਹੇਠ ਅਨੁਸਾਰ ਸਮੂਹਿਕ ਫੈਸਲੇ ਲੈਂਦੇ ਹਾਂ-

ਕਿਉਂਕਿ, ਨਿਗਮ (ਕਾਰਪੋਰੇਸ਼ਨ) ਦੇ ਆਫਿਸਰਜ਼ ਨਿਮਨ ਅਨੁਸਾਰ ਹਨ: ਪ੍ਰਧਾਨ - ਵਿਲ ਕਾਰੋਲ, ਸਕੱਤਰ- ਮਾਈਕਲ ਲਿਓਨਾਰਡ, ਅਤੇ ਖਜਾਨਚੀ- ਮਾਟ ਬਾਲਿਆਂ ਅਤੇ

ਕਿਉਂਕਿ, ਨਿਗਮ (ਕਾਰਪੋਰੇਸ਼ਨ) ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਮੈਂਬਰ ਨਿਮਨ ਅਨੁਸਾਰ ਹਨ: ਵਿਲ ਕਾਰੋਲ, ਮਾਟ ਬਾਲਿਆਂ, ਡੂਗ ਵਾਗਨਰ, ਮਾਈਕਲ ਲਿਓਨਾਰਡ ਅਤੇ ਪਾਲ ਕਲੇਅਰ ਅਤੇ

ਕਿਉਂਕਿ, ਮਾਈਕਲ ਲਿਓਨਾਰਡ ਨੇ ਨਿਗਮ (ਕਾਰਪੋਰੇਸ਼ਨ) ਦੇ ਸਕੱਤਰ ਦੇ ਅਹੁਦੇ ਤੋਂ ਅਤੇ ਬੋਰਡ ਆਫ਼ ਡਾਇਰੈਕਟਰਜ਼ ਦੇ ਮੈਂਬਰ ਵਜੋਂ ਅਸਤੀਫ਼ਾ ਦੇ ਦਿੱਤਾ ਹੈ

ਕਿਉਂਕਿ, ਨਿਗਮ (ਕਾਰਪੋਰੇਸ਼ਨ) ਦੀ ਇੱਛਾ ਹੈ ਕਿ ਉਪਰ ਦੱਸਿਆ ਅਸਤੀਫ਼ਾ ਪ੍ਰਵਾਨ ਕਰ ਲਵੇ ਅਤੇ ਬਦਲਵਾਂ ਸਕੱਤਰ ਅਤੇ ਬਦਲਵਾਂ ਮੈਂਬਰ ਆਫ਼ ਬੋਰਡ ਨਿਯੁਕਤ ਕਰੇ।

ਹੁਣ, ਇਸ ਲਈ, ਹੇਠ ਦਿੱਤਾ ਮਤਾ ਸਰਬ ਸਹਿਮਤੀ ਨਾਲ ਪ੍ਰਵਾਨ ਕੀਤਾ ਜਾਂਦਾ ਹੈ:

**ਵਿਚਾਰ ਹੈ ਕਿ ਮਾਈਕਲ ਲਿਓਨਾਰਡ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਜਾਵੇ।**

**ਵਿਚਾਰ ਹੈ ਕਿ ਬੋਰਡ ਆਫ਼ ਡਾਇਰੈਕਟਰਜ਼ ਦੇ ਬਾਕੀ ਮੈਂਬਰ ਬਾਰਬੀ ਨਿਊ ਨੂੰ ਬਤੌਰ ਮੈਂਬਰ ਆਫ਼ ਬੋਰਡ ਨਿਯੁਕਤ ਕਰਦੇ ਹਨ ਕਿ ਉਹ ਮੈਂਬਰ ਆਫ਼ ਕਾਰਪੋਰੇਸ਼ਨ ਦੀ ਅਗਲੀ ਸਾਲਾਨਾ ਮੀਟਿੰਗ ਤੱਕ ਸੇਵਾਵਾਂ ਦੇਣਗੇ ਜਾਂ ਜਦੋਂ ਤੱਕ ਕੋਈ ਹੋਰ ਅਧਿਕਾਰੀ ਯੋਗ ਪ੍ਰਣਾਲੀ ਰਾਹੀਂ ਚੁਣਿਆ ਨਹੀਂ ਜਾਂਦਾ।**

**ਵਿਚਾਰ ਹੈ ਕਿ ਪਾਲ ਕਲੇਅਰ ਨੂੰ ਨਿਗਮ (ਕਾਰਪੋਰੇਸ਼ਨ) ਦੇ ਸਕੱਤਰ ਵਜੋਂ ਆਫ਼ਿਸ ਦਾ ਕੰਮਕਾਜ਼ ਦੇਖਣ ਲਈ ਚੁਣਿਆ ਜਾਂਦਾ ਹੈ ਜਦੋਂ ਤੱਕ ਬੋਰਡ ਆਫ਼ ਡਾਇਰੈਕਟਰਜ਼ ਦੇ ਨਿਗਮ (ਕਾਰਪੋਰੇਸ਼ਨ) ਦੀ ਅਗਲੀ ਸਾਲਾਨਾ ਮੀਟਿੰਗ ਨਹੀਂ ਹੁੰਦੀ ਜਾਂ ਜਦੋਂ ਤੱਕ ਹੋਰ ਅਧਿਕਾਰੀ ਯੋਗ ਪ੍ਰਣਾਲੀ ਰਾਹੀਂ ਚੁਣਿਆ ਨਹੀਂ ਜਾਂਦਾ।**

ਇਹ ਲਿਖਤੀ ਸਹਿਮਤੀ ਕਾਰਪੋਰੇਸ਼ਨ ਦੇ ਸਕੱਤਰ ਨੂੰ ਕਾਰਪੋਰੇਸ਼ਨ ਦੀ ਮਿਨਟ ਬੁੱਕ ਵਿਚ ਦਰਜ ਕਰਵਾ ਦਿੱਤੀ ਜਾਵੇ।

| **ਨਾਮ** | **ਹਸਤਾਖਰ** | **ਮਿਤੀ** |
|---|---|---|
| ਵਿਲ ਕਾਰੋਲ | | ----/----/2009 |
| ਮਾਟ ਬਾਲਿਆਂ | | ----/----/2009 |
| ਡੂਗ ਵਾਗਨਰ | | ----/----/2009 |
| ਬਾਰਬੀ ਨਿਊ | | ----/----/2009 |
| ਪਾਲ ਕਲੇਅਰ | ਹਸਤਾਖਰ | 2/10/2009 |